ਮੈਡੀਕਲ/ਡਾਕਟਰੀ ਰਿਕਾਰਡ ਲੈਣ ਲਈ ਪਹੁੰਚ ਬਾਰੇ ਰਾਹਨੁਮਾਈ

# ਮੈਡੀਕਲ/ਡਾਕਟਰੀ ਰਿਕਾਰਡ ਲੈਣ ਲਈ ਪਹੁੰਚ ਬਾਰੇ ਰਾਹਨੁਮਾਈ

ਮੈਡੀਕਲ/ਡਾਕਟਰੀ ਰਿਕਾਰਡ ਲੈਣ ਲਈ ਪਹੁੰਚ ਬਾਰੇ ਰਾਹਨੁਮਾਈ

ICAS
ਇੰਡੀਪੇਨਡੈਂਟ ਕੰਮਪਲੇਂਟਸ ਐਡਵੋਕੇਸੀ ਸਰਵਿਸ
(ਸ਼ਕਾਇਤ ਕਰਨ ਲਈ ਨਿਰਪੱਖ ਐਡਵੋਕੇਸੀ/ਵਕਾਲਤ ਸਰਵਿਸ)

Punjabi

## ਮਰੀਜ਼ ਦੇ ਰਿਕਾਰਡ ਲੈਣੇ

ਐਨ ਐਚ ਐਸ ਦੇ ਸਾਰੇ ਸਟਾਫ਼ ਦਾ ਇਹ ਫਰਜ਼ ਹੈ ਕਿ ਉਹ ਮਰੀਜ਼ ਦੇ ਰਿਕਾਰਡਾਂ ਨੂੰ ਬਹੁਤ ਗੁਪਤ ਰੱਖਣਾ।

### ਮਰੀਜ਼ ਦੇ ਰਿਕਾਰਡਾਂ ਵਿੱਚ ਸ਼ਾਮਲ ਹਨ:

- ਜੀ.ਪੀ. ਅਤੇ ਹਸਪਤਾਲ ਦੇ ਡਾਕਟਰਾਂ ਵਲੋਂ ਰੱਖੇ ਰਿਕਾਰਡ
- ਨਰਸਾਂ ਵਲੋਂ ਅਤੇ ਐਨ ਐਚ ਐਸ ਦੇ ਹੋਰ ਸਟਾਫ਼ ਵਲੋਂ ਲਿੱਖੇ ਗਏ ਰਿਕਾਰਡ
- ਪ੍ਰੇਕਟਿਸ, ਕਲਿਨਿੱਕ ਜਾਂ ਹਸਪਤਾਲ ਨੂੰ ਜਾਣ ਵਾਲੀਆਂ ਤੁਹਾਡੀਆਂ ਵਿਜ਼ਿਟਾਂ ਦੇ ਰਿਕਾਰਡ
- ਤੁਹਾਨੂੰ ਆਕੇ ਦੇਖਣ ਵਾਲੀ ਵਿਜ਼ਿਟ ਬਾਰੇ ਰਿਕਾਰਡ
- ਇਲਾਜ਼ ਦੇ ਵੇਰਵੇ, ਦੁਆਈ, ਟੈਸੱਟ ਅਤੇ ਉਨ੍ਹਾਂ ਦੇ ਨਤੀਜ਼ੇ, ਬੀਮਾਰੀ ਦੀ ਪਛਾਣ, ਨਾਂ ਭੇਜਣ ਬਾਰੇ, ਆਦਿ।

### ਤੁਹਾਡੇ ਹੱਕ

ਡੇਟਾ ਪ੍ਰੋਟੇਕਸ਼ਨ ਐਕਟ (ਅੰਕੜੇ ਦੀ ਰੱਖਿਆ ਕਰਨ ਵਾਲਾ ਕਾਨੂੰਨ) 1998 ਦੇ ਮੁਤਾਬਿਕ ਤੁਹਾਡਾ ਆਪਣੇ ਰਿਕਾਰਡ ਦੇਖਣ ਦਾ ਹੱਕ ਹੈ ਸਿਰਫ਼ ਤਾਂਹੀ ਨਹੀਂ ਜੇ:

- ਤੁਹਾਡਾ ਡਾਕਟਰ ਸੋਚੇ ਕਿ ਇਸ ਤਰ੍ਹਾਂ ਕਰਨ ਨਾਲ ਤੁਹਾਨੂੰ ਜਾਂ ਕਿਸੇ ਦੂਸਰੇ ਨੂੰ ਬਹੁਤ ਨੁਕਸਾਨ ਪਹੁੰਚੇਗਾ। ਯਾਦ ਰੱਖੋ: ਇਹ ਇਨਕਾਰ ਸਿਰਫ਼ ਤੁਹਾਡੇ ਰਿਕਾਰਡ ਦੇ ਕੁਝ ਹਿੱਸੇ ਤੇ ਹੀ ਲਾਗੂ ਹੁੰਦੀ ਹੈ ਅਤੇ ਕੋਈ ਬੰਦਸ਼ ਨਹੀਂ ਹੈ ਜੋ ਤੁਹਾਨੂੰ ਇਸ ਤਰ੍ਹਾਂ ਕੁਝ ਹਿੱਸੇ ਲਈ ਇਨਕਾਰ ਕਰੇ। ਇਹ ਪੁੱਛਣਾ ਬਿਹਤਰ ਹੁੰਦਾ ਹੈ ਕਿ ਜੇ ਤੁਹਾਡੇ ਰਿਕਾਰਡਾਂ ਦੇ ਕੋਈ ਹਿੱਸੇ ਤੁਹਾਨੂੰ ਦਿਖਾਏ ਨਹੀਂ ਗਏ।

- ਉਨ੍ਹਾਂ ਨੂੰ ਤੁਹਾਨੂੰ ਦੇਣਾ ਟ੍ਰੱਸਟ ਅਤੇ ਜੀ. ਪੀ. ਪ੍ਰੇਕਟਿਸ ਲਈ 'ਬੇਹਿਸਾਬੀ ਕੋਸ਼ਿਸ਼' ਹੋਵੇਗੀ।

ਯਾਦ ਰੱਖੋ: ਬੇਹਿਸਾਬੀ ਕੋਸ਼ਿਸ਼ ਬਿਆਨ ਨਹੀਂ ਕੀਤੀ ਗਈ, ਪਰ ਡੇਟਾ ਪ੍ਰੋਟੇਕਸ਼ਨ ਇਨਫ਼ਾਰਮੇਸ਼ਨ ਕਮਿਸ਼ਨਰ ਨੇ ਇਸ ਧਾਰਾ ਨੂੰ ਤੁਹਾਡੇ ਰਿਕਾਰਡਾਂ ਤੱਕ ਪਹੁੰਚ ਵਿੱਚ ਨਜ਼ਾਇਜ਼ ਫ਼ਾਇਦਾ ਉਠਾਉਣ ਬਾਰੇ ਚਿਤਾਵਨੀ ਦਿੱਤੀ ਹੈ।

### ਆਪਣੇ ਰਿਕਾਰਡ ਦੇਖਣ ਲਈ ਅਪਲਾਈ ਕਰਨਾ

- ਤੁਹਾਨੂੰ ਆਪਣੇ ਰਿਕਾਰਡ ਦੇਖਣ ਲਈ ਅਪਲਾਈ ਕਰਨਾ ਪੈਂਦਾ ਹੈ, ਕੁਝ ਜੀ.ਪੀ. ਪ੍ਰੇਕਟਿਸਾਂ ਅਤੇ ਟ੍ਰੱਸਟ ਕੋਲ ਇਸ ਵਾਸਤੇ ਖਾਸ ਤਿਆਰ ਕੀਤਾ ਹੋਇਆ ਫ਼ਾਰਮ ਹੁੰਦਾ ਹੈ ਅਤੇ ਤੁਹਾਨੂੰ ਇਹ ਭਰਨਾ ਪੈਂਦਾ ਹੈ। ਬਹੁਤੇ ਟ੍ਰੱਸਟਾਂ ਵਿੱਚ ਇਸ ਤਰ੍ਹਾਂ ਦੀਆਂ ਬੇਨਤੀਆਂ ਲਈ ਖ਼ਾਸ ਵਿਅਕਤੀ ਨਿਯੁਕਤ ਕੀਤਾ ਹੋਇਆ ਹੁੰਦਾ ਹੈ।

- ਰਿਕਾਰਡ ਦੇਖਣ ਲਈ ਅਪਲਾਈ ਕਰਨ ਦੇ 40 ਦਿਨ ਦੇ ਵਿੱਚ ਵਿੱਚ ਰਿਕਾਰਡ ਮਿਲਣੇ ਚਾਹੀਦੇ ਹਨ, ਜਾਂ ਜੇ ਅਖ਼ੀਰਲੇ 40 ਦਿਨ ਦੇ ਵਿੱਚ ਵਿੱਚ ਹੋਰ ਰਿਕਾਰਡ ਨਾਲ ਮਿਲਾਏ ਗਏ ਹੋਣ ਤਾਂ 21 ਦਿਨ ਦੇ ਵਿੱਚ।

- ਜੇ ਰਿਕਾਰਡ 40 ਦਿਨ ਦੇ ਵਿੱਚ ਵਿੱਚ ਨਾਲ ਨਹੀਂ ਮਿਲਾਏ ਗਏ ਤਾਂ ਟ੍ਰੱਸਟ ਅਤੇ ਜੀ. ਪੀ. ਪ੍ਰੈਕਟਿਸਾਂ ਨੂੰ ਤੁਹਾਨੂੰ ਰਿਕਾਰਡ ਦਿਖਾਉਣ ਲਈ ਖ਼ਰਚਾ ਲਾਉਣ ਦੀ ਇਜਾਜ਼ਤ ਹੈ। ਇਹ ਖ਼ਰਚਾ 10 ਪੌਂਡ ਤੋਂ ਵੱਧ ਨਹੀਂ ਹੋਣਾ ਚਾਹੀਦਾ।
- ਟ੍ਰੱਸਟ ਅਤੇ ਜੀ. ਪੀ. ਪ੍ਰੈਕਟਿਸਾਂ ਨੂੰ ਤੁਹਾਨੂੰ ਸਮਝਾਉਣਾ ਪਵੇਗਾ ਜੇ ਰਿਕਾਰਡ ਵਿੱਚ ਕੋਈ ਇਸ ਤਰ੍ਹਾਂ ਦੀ ਗੱਲ ਹੈ ਜੋਕਿ ਪੜ੍ਹਨੀ ਸੌਖੀ ਨਹੀਂ, ਜਾਂ ਜਿਨ੍ਹਾਂ ਵਿੱਚ ਕੋਈ ਤਕਨੀਕੀ/ਡਾਕਟਰੀ ਜ਼ਬਾਨ ਹੈ ਜੋ ਤੁਸੀਂ ਸਮਝ ਨਹੀਂ ਸਕਦੇ।
- ਜੇ ਤੁਸੀਂ ਰਿਕਾਰਡਾਂ ਦੀ ਨਕਲ ਚਾਹੁੰਦੇ ਹੋ ਤਾਂ ਟ੍ਰੱਸਟ ਅਤੇ ਜੀ.ਪੀ. ਪ੍ਰੈਕਟਿਸਾਂ ਤੁਹਾਨੂੰ ਫੋਟੋਕਾਪੀ ਕਰਨ ਅਤੇ ਡਾਕ ਦੇ ਖ਼ਰਚੇ ਲਈ ਵੱਧ ਤੋਂ ਵੱਧ 50 ਪੌਂਡ ਤੱਕ ਦਾ ਖ਼ਰਚਾ ਲਾ ਸਕਦੇ ਹਨ ਜੋਕਿ 10 ਪੌਂਡ ਦੇ ਖ਼ਰਚੇ ਸਮੇਤ ਹੈ ਜੇ ਇਹ ਖ਼ਰਚਾ ਲਗਾਇਆ ਹੋਵੇ। ਜੇ ਤੁਸੀਂ ਸ਼ਕਾਇਤ ਕਰਨ ਸਮੇਂ ਰਿਕਾਰਡਾਂ ਨੂੰ ਸਬੂਤ ਵਜੋਂ ਵਰਤਣਾ ਚਾਹੁੰਦੇ ਹੋ ਤਾਂ ਚੰਗੀ ਗੱਲ ਹੁੰਦੀ ਹੈ ਕਿ ਨਕਲਾਂ ਲੈ ਲਈਆਂ ਜਾਣ।
- ਜੇ ਤੁਸੀਂ ਕਿਸੇ ਦੂਸਰੇ ਲਈ ਰਿਕਾਰਡ ਲੈਣ ਲਈ ਅਪਲਾਈ ਕਰ ਰਹੇ ਹੋ ਤਾਂ ਜ਼ਰੂਰੀ ਹੈ ਕਿ ਉਸ ਮਰੀਜ਼ ਵਲੋਂ ਲਿੱਖਤੀ ਮਨਜ਼ੂਰੀ ਲੈ ਲਈ ਜਾਵੇ। ਇਸ ਵਿੱਚ ਮਾਪਿਆਂ ਵਲੋਂ ਆਪਣੇ ਬੱਚਿਆਂ ਦੇ ਰਿਕਾਰਡ ਦੇਖਣ ਲਈ ਅਪਲਾਈ ਕਰਨਾ ਵੀ ਸ਼ਾਮਲ ਹਨ ਜੇ ਬੱਚਾ ਮਸਲੇ ਨੂੰ ਸਮਝਦਾ ਹੋਵੇ। ਜਿੱਥੇ ਮਰੀਜ਼ ਆਪਣੀ ਇਜਾਜ਼ਤ ਦੇਣ ਦੇ ਕਾਬਲ ਨਹੀਂ ਕਿਉਂਕਿ ਉਸ ਦੀ ਅਯੋਗਤਾ ਜਾਂ ਬੀਮਾਰੀ ਦੀ ਹਾਲਤ ਇਸ ਤਰ੍ਹਾਂ ਦੀ ਹੈ ਤਾਂ ਸ਼ਾਇਦ ਤੁਹਾਨੂੰ ਕਾਨੂੰਨੀ ਸਲਾਹ ਮਸ਼ਵਰਾ ਅਤੇ ਕੋਰਟ ਪਾਸੋਂ ਮਨਜ਼ੂਰੀ ਲੈਣੀ ਪਵੇ।
- ਮਰ ਚੁੱਕੇ ਮਰੀਜ਼ ਦੇ ਰਿਕਾਰਡ ਲੈਣ ਦੇ ਮਾਮਲੇ ਵਿੱਚ ਸਿਰਫ਼ ਨਿੱਜੀ ਪ੍ਰਤੀਨਿੱਧ ਹੀ ਰਿਕਾਰਡ ਲੈ ਸਕਦਾ ਹੈ। ਇਹ ਪ੍ਰਤੀਨਿੱਧੀ ਆਮ ਤੌਰ ਮੁਖ਼ਤਾਰ/ਕਾਰਜਕਰਤਾ ਜਾਂ ਕੋਈ ਉਹ ਹੁੰਦਾ ਹੈ ਜੋ ਮੌਤ ਤੋਂ ਹੋਣ ਵਾਲੇ ਅਧਿਕਾਰ ਦੀ ਮੰਗ ਕਰੇ ਸਿਰਫ਼ ਤਾਂਹੀ ਨਹੀਂ ਜੇ ਮਰੇ ਹੋਏ ਵਿਅਕਤੀ ਨੇ ਖ਼ਾਸ ਰਿਕਾਰਡਾਂ ਵਿੱਚ ਲਿੱਖਿਆ ਹੋਵੇ ਕਿ ਉਹ ਨਹੀਂ ਚਾਹੁੰਦਾ ਕਿ ਉਸ ਵਿਅਕਤੀ ਨੂੰ ਰਿਕਾਰਡ ਤੱਕ ਪਹੁੰਚ ਮਿਲੇ।

ਜੇ ਤੁਸੀਂ ਸੋਚਦੇ ਹੋਕਿ ਤੁਹਾਡੇ ਰਿਕਾਰਡ ਸਹੀ ਨਹੀਂ ਹਨ ਤਾਂ ਤੁਸੀਂ ਉਨ੍ਹਾਂ ਨੂੰ ਸਹੀ ਕਰਨ ਲਈ ਪੁੱਛ ਸਕਦੇ ਹੋ। ਜੋ ਤੁਸੀਂ ਤਬਦੀਲੀ ਕਰਨਾ ਚਾਹੁੰਦੇ ਹੋ ਜੇ ਇਸ ਨਾਲ ਡਾਕਟਰ ਜਾਂ ਟ੍ਰੱਸਟ ਸਹਿਮਤ ਨਾ ਹੋਵੇ ਤਾਂ ਕਹੋ ਕਿ ਇਸ ਰਿਕਾਰਡ ਦੇ ਵਿੱਚ ਦਰਜ਼ ਕੀਤਾ ਜਾਵੇ ਕਿ ਤੁਸੀਂ ਸਹਿਮਤ ਨਹੀਂ ਹੋ।

ਇਸ ਬਾਰੇ ਕੋਈ ਵੀ ਸ਼ਕਾਇਤ ਡੇਟਾ ਪ੍ਰੋਟੇਕਸ਼ਨ ਇਨਫ਼ਾਰਮੇਸ਼ਨ ਕਮਿਸ਼ਨਰ (ਅੰਕੜੇ ਦੀ ਜਾਣਕਾਰੀ ਸੁਰੱਖਿਅਤ ਰੱਖਣ ਵਾਲੇ ਅਫ਼ਸਰ) ਨੂੰ ਕੀਤੀ ਜਾ ਸਕਦੀ ਹੈ (ਫ਼ਾਇਦੇਮੰਦ ਪਤੇ ਦੇਖੋ)

CARERS FEDERATION
LIMITED

ਕੇਅਰਰਸ ਫੇਡਰੇਸ਼ਨ

(ਦੇਖਭਾਲ ਕਰਨ ਵਾਲਿਆਂ ਲਈ ਸੰਗਠਨ)

**www.carersfederation.co.uk**

LLOYD'S REGISTER QUALITY ASSURANCE · ISO9001

UKAS QUALITY MANAGEMENT 001

'ਇੰਡੀਪੇਨਡੈਂਟ ਕੰਮਪਲੇਂਟਸ ਐਡਵੋਕੇਸੀ ਸਰਵਿਸ' (ICAS) ਈਸਟ ਮਿਡਲੈਂਡ, ਨੋਰਥ ਈਸਟ, ਨੋਰਥ ਵਿਸਟ, ਯੋਰਕਸ਼ਾਇਰ ਅਤੇ ਹੰਬਰਸਾਈਡ ਦੇ ਵਿੱਚ ਕੇਅਰਰਸ ਫੇਡਰੇਸ਼ਨ ਲਿਮਟਿੱਡ ਵਲੋਂ ਦਿੱਤੀ ਜਾਂਦੀ ਹੈ।

ਕੇਅਰਰਸ ਫੇਡਰੇਸ਼ਨ ਲਿਮਟਿੱਡ ਇੰਗਲੈਂਡ ਵਿੱਚ ਲਿਮਟਿੱਡ ਕੰਪਨੀ ਦੀ ਗਰੰਟੀ ਤੇ ਰਜਿਸਟਰ ਹੋਈ ਹੈ।
ਰਜਿਸਟਰਡ ਨੰਬਰ ਹੈ 3123142 ਰਜਿਸਟਰਡ ਚੈਰਿਟੀ ਨੰਬਰ 1050779

ਰਜਿਸਟਰ ਹੋਇਆ ਆਫ਼ਿਸ ਹੈ: 1 ਬੀਚ ਐਵਿਨਿਉ, ਸ਼ੇਰਵੁੱਡ ਰਾਈਜ਼, ਨੌਟਿੰਘਮ 1 Beech Avenue, Sherwood Rise, Nottingham, NG7 7LJ

PUNJABI July 10 6500